1800 medicare
1800 633 422

# 1800MEDICARE - ਮੁਫ਼ਤ 24/7 ਸਿਹਤ ਸਲਾਹ ਅਤੇ ਸਹੀ ਸਮੇਂ ‘ਤੇ ਸਹੀ ਦੇਖਭਾਲ ਨਾਲ ਜੁੜਨਾ।

## 1800MEDICARE ਕੀ ਹੈ?

1800MEDICARE ਇੱਕ ਮੁਫ਼ਤ ਫ਼ੋਨ ਲਾਈਨ (1800 633 422), ਵੈੱਬਸਾਈਟ ਅਤੇ ਐਪ ਹੈ ਜੋ ਮਾਹਿਰ ਸਿਹਤ ਜਾਣਕਾਰੀ ਅਤੇ ਸਲਾਹ ਤੱਕ 24/7 ਪਹੁੰਚ ਪ੍ਰਦਾਨ ਕਰਦੀ ਹੈ, ਅਤੇ ਸਹੀ ਸਮੇਂ ‘ਤੇ ਸਹੀ ਦੇਖਭਾਲ ਨਾਲ ਜੋੜਦੀ ਹੈ। 1800MEDICARE ਆਸਟ੍ਰੇਲੀਆ ਵਿੱਚ ਹਰ ਕਿਸੇ ਲਈ ਪਹੁੰਚਯੋਗ ਅਤੇ ਮੁਫ਼ਤ ਹੈ, ਭਾਵੇਂ ਤੁਸੀਂ ਕਿਤੇ ਵੀ ਰਹਿੰਦੇ ਹੋ - ਦਿਨ ਹੋਵੇ ਜਾਂ ਰਾਤ।

## 1800MEDICARE ਇਹ ਪ੍ਰਦਾਨ ਕਰਦਾ ਹੈ:

### 1800MEDICARE ਫ਼ੋਨ ਲਾਈਨ | 1800 633 422

ਆਸਟ੍ਰੇਲੀਆ ਵਿੱਚ ਕੋਈ ਵੀ ਵਿਅਕਤੀ ਮੁਫ਼ਤ ਸਿਹਤ ਸਲਾਹ ਅਤੇ ਸਹਾਇਤਾ ਲਈ 1800 633 422 ‘ਤੇ ਫ਼ੋਨ ਕਰ ਸਕਦਾ ਹੈ – ਭਾਵੇਂ ਤੁਸੀਂ ਆਪਣੇ ਲਈ, ਬੱਚੇ ਲਈ, ਕਿਸੇ ਬਜ਼ੁਰਗ ਰਿਸ਼ਤੇਦਾਰ ਲਈ, ਜਾਂ ਕਿਸੇ ਅਜਿਹੇ ਵਿਅਕਤੀ ਲਈ ਫ਼ੋਨ ਕਰ ਰਹੇ ਹੋ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ। ਜਦੋਂ ਤੁਸੀਂ 1800MEDICARE ‘ਤੇ ਫ਼ੋਨ ਕਰਦੇ ਹੋ ਤਾਂ ਤੁਸੀਂ ਆਪਣੀ ਸਿਹਤ ਦੀ ਚਿੰਤਾ ਬਾਰੇ ਇੱਕ ਰਜਿਸਟਰਡ ਨਰਸ ਨਾਲ ਗੱਲ ਕਰਦੇ ਹੋ। ਨਰਸ ਤੁਹਾਡੇ ਲੱਛਣਾਂ ਬਾਰੇ ਪੁੱਛੇਗੀ ਅਤੇ ਤੁਹਾਨੂੰ ਸਹੀ ਦੇਖਭਾਲ ਲਈ ਸਲਾਹ ਦੇਵੇਗੀ, ਭਾਵੇਂ ਉਹ ਘਰ ਵਿੱਚ ਆਪਣੀ ਖੁਦ ਦੇਖਭਾਲ ਕਰਨਾ ਹੋਵੇ ਜਾਂ ਤੁਹਾਡੇ ਖੇਤਰ ਵਿੱਚ ਕਿਸੇ ਸਿਹਤ ਸੇਵਾ ਜਿਵੇਂ ਕਿ ਜੀ ਪੀ, ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ, ਫਾਰਮੇਸੀ ਜਾਂ ਐਮਰਜੈਂਸੀ ਵਿਭਾਗ ਤੋਂ ਮਦਦ ਪ੍ਰਾਪਤ ਕਰਨਾ ਹੋਵੇ।

### 1800MEDICARE ਵੈੱਬਸਾਈਟ | medicare.gov.au/1800-translated-resources

ਵੈੱਬਸਾਈਟ ‘ਤੇ ਤੁਸੀਂ ਇਹ ਕਰ ਸਕਦੇ ਹੋ:

- ਫ਼ੋਨ ਲਾਈਨ ‘ਤੇ ਕਾਲ ਕਰੋ (ਆਪਣੇ ਮੋਬਾਈਲ ਤੋਂ)
- ਆਪਣੇ ਲੱਛਣਾਂ ਦੀ ਜਾਂਚ ਕਰੋ
- ਆਪਣੇ ਨੇੜੇ ਦੀਆਂ ਸਿਹਤ ਸੇਵਾਵਾਂ ਲੱਭੋ
- ਦਵਾਈਆਂ ਬਾਰੇ ਜਾਣਕਾਰੀ ਵੇਖੋ
- ਜਾਂ ਹੋਰ ਮੈਡੀਕੇਅਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ

### 1800MEDICARE ਐਪ

1800MEDICARE ਐਪ ਉਸ ਮੁੱਖ ਸਿਹਤ ਜਾਣਕਾਰੀ ਨੂੰ ਦੇਖਣ ਦਾ ਇੱਕ ਸੁਰੱਖਿਅਤ ਅਤੇ ਸੁਵਿਧਾਜਨਕ ਤਰੀਕਾ ਹੈ ਜੋ ਤੁਸੀਂ, ਤੁਹਾਡੇ ਸਿਹਤ ਸੰਭਾਲ ਪ੍ਰਦਾਤਿਆਂ ਜਾਂ ਪ੍ਰਤੀਨਿਧੀਆਂ ਨੇ ਮਾਈ ਹੈਲਥ ਰਿਕਾਰਡ ‘ਤੇ ਅੱਪਲੋਡ ਕੀਤੀ ਹੈ। ਇਹ ਐਪ 1800MEDICARE ਫ਼ੋਨ ਸੇਵਾ ਦੀ ਸਹਾਇਤਾ ਕਰਦੀ ਹੈ ਅਤੇ ਸਿਹਤ ਸਲਾਹ ਅਤੇ ਜਾਣਕਾਰੀ ਲਈ ਇੱਕ ਸੁਵਿਧਾਜਨਕ ਮੁੱਢਲਾ ਆਧਾਰ ਪ੍ਰਦਾਨ ਕਰਦੀ ਹੈ। ਤੁਸੀਂ ਐਪ ਨੂੰ ਆਪਣੇ ਫ਼ੋਨ ਜਾਂ ਟੈਬਲੇਟ ‘ਤੇ ਡਾਊਨਲੋਡ ਕਰ ਸਕਦੇ ਹੋ - ਇਹ ਤੇਜ਼, ਆਸਾਨ ਅਤੇ ਸੁਰੱਖਿਅਤ ਹੈ - ਅਤੇ ਤੁਸੀਂ ਇਸਨੂੰ ਆਪਣੇ ਹੱਥ ਦੀ ਹਥੇਲੀ ਤੋਂ ਦੇਖ ਸਕਦੇ ਹੋ ਅਤੇ ਸਾਂਝਾ ਕਰ ਸਕਦੇ ਹੋ। ਐਪ ਨੂੰ ਸੈੱਟਅੱਪ ਕਰਨ ਵਿੱਚ ਮਦਦ ਲਈ, www.digitalhealth.gov.au/1800MEDICAREapp ‘ਤੇ ਜਾਓ।

### ਹੋਰ ਜਾਣਕਾਰੀ

1800MEDICARE ਬਾਰੇ ਹੋਰ ਜਾਣਨ ਅਤੇ ਸਹੀ ਸਮੇਂ ‘ਤੇ ਸਹੀ ਦੇਖਭਾਲ ਲੱਭਣ ਲਈ:

- 1800MEDICARE ਨੂੰ 1800 633 422 ‘ਤੇ ਫ਼ੋਨ ਕਰੋ
- ਜੇਕਰ ਅੰਗਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ ਅਤੇ ਤੁਹਾਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ, ਤਾਂ ਤੁਸੀਂ TIS National ਨੂੰ 131 450 ‘ਤੇ ਫ਼ੋਨ ਕਰ ਸਕਦੇ ਹੋ ਅਤੇ 1800MEDICARE ਜਾਂ 1800 633 422 ‘ਤੇ ਗੱਲ ਕਰਵਾਉਣ ਲਈ ਕਹਿ ਸਕਦੇ ਹੋ
- medicare.gov.au/1800-translated-resources ‘ਤੇ ਜਾਓ
- 1800MEDICARE ਐਪ ਡਾਊਨਲੋਡ ਕਰੋ।

ਐਮਰਜੈਂਸੀ ਵਿੱਚ, ਹਮੇਸ਼ਾ ਟ੍ਰਿਪਲ ਜ਼ੀਰੋ (000) ‘ਤੇ ਫ਼ੋਨ ਕਰੋ ਜਾਂ ਸਿੱਧੇ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।